Coroners Court of Victoria

# ਹੁਣ ਕੀ ਹੋਵੇਗਾ?

## ਮੌਤ ਦੀ ਸਮੀਖਿਆ ਦੀ (ਕੋਰੋਨੀਅਲ) ਕਾਰਵਾਈ ਦੇ ਪਹਿਲੇ ਕਦਮ

ਇਹ ਛੋਟਾ ਕਿਤਾਬਚਾ ਉਹਨਾਂ ਚੀਜ਼ਾਂ ਦੀ ਵਿਆਖਿਆ ਕਰਦਾ ਹੈ ਜਿੰਨ੍ਹਾਂ ਦੀ ਤੁਹਾਨੂੰ ਮੌਤ ਦੇ ਸਮੀਖਿਅਕ (ਕੋਰੋਨਰ) ਕੋਲ ਆਪਣੇ ਪਿਆਰੇ ਦੀ ਮੌਤ ਦੀ ਰਿਪੋਰਟ ਹੋਣ ਤੋ ਤੁਰੰਤ ਬਾਅਦ ਜਾਨਣ ਦੀ ਲੋੜ ਹੈ। ਇਸ ਵਿੱਚ ਤੁਹਾਡੇ ਲਈ ਉਪਲਬਧ ਸਹਾਇਤਾ ਅਤੇ ਉਹ ਕੰਮ  ਸ਼ਾਮਲ ਹਨ ਜੋ ਮੌਤ ਦੀ ਸਮੀਖਿਆ ਦੀ ਕਾਰਵਾਈ ਦੇ ਸ਼ੁਰੂਆਤੀ ਪੜ੍ਹਾਵਾਂ ਦੇ ਦੌਰਾਨ ਮੌਤ ਦਾ ਸਮੀਖਿਅਕ ਕਰੇਗਾ।

## ਔਖੇ ਸਮੇਂ ਵਿੱਚ ਸਹਾਇਤਾ

Coroners Court of Victoria (ਅਦਾਲਤ) ਅਤੇ Coronial Admissions and Enquiries (CA&E) ਦੇ ਕਰਮਚਾਰੀ ਤੁਹਾਨੂੰ ਜਾਣਕਾਰੀ ਦੇ ਸਕਦੇ ਹਨ ਅਤੇ ਉਹਨਾਂ ਸੇਵਾਵਾਂ ਕੋਲ ਭੇਜ ਸਕਦੇ ਹਨ ਜੋ ਤੁਹਾਨੂੰ ਆਪਣੇ ਦੁੱਖ ਅਤੇ ਘਾਟੇ ਵਿੱਚ ਸਹਾਇਤਾ ਕਰਨ ਦੇ ਯੋਗ ਹੋ ਸਕਦੀਆਂ ਹਨ। ਇਸ ਕਿਤਾਬਚੇ ਦੇ ਅਖੀਰਲੇ ਸਫੇ ਉਪਰ ਬਹੁਤ ਸਾਰੀਆਂ ਸਹਿਯੋਗੀ ਸੇਵਾਵਾਂ ਦੇ ਸਹਾਇਕ ਸੰਪਰਕ ਨੰਬਰ ਹਨ ਜੋ ਕਿ ਇਸ ਔਖੀ ਘੜੀ ਵਿੱਚ ਉਪਯੋਗੀ ਹੋ ਸਕਦੇ ਹਨ।

## ਮੌਤ ਦੇ ਸਮੀਖਿਅਕ ਦੀ ਭੂਮਿਕਾ

ਜੇਕਰ ਸੰਭਵ ਹੋਵੇ, ਮੌਤ ਦੇ ਸਮੀਖਿਅਕ ਨੂੰ ਹੇਠਾਂ ਦਿੱਤੀਆਂ ਗੱਲਾਂ ਦਾ ਪਤਾ ਲਗਾਉਣਾ ਚਾਹੀਦਾ ਹੈ:

1. ਮਰਨ ਵਾਲੇ ਵਿਅਕਤੀ ਦੀ ਪਛਾਣ
2. ਉਹਨਾਂ ਦੀ ਮੌਤ ਦਾ ਕਾਰਣ
3. ਕੁਝ ਮਾਮਲਿਆਂ ਵਿੱਚ, ਮੌਤ ਨਾਲ ਜੁੜੇ ਹਾਲਾਤ।

ਉਹ ਸਾਰੀਆਂ ਮੌਤਾਂ ਦੀ ਪੜਤਾਲ ਨਹੀਂ ਕਰਦੇ, ਸਿਰਫ ਉਹਨਾਂ ਮੌਤਾਂ ਨੂੰ ਜੋ ਰਿਪੋਰਟ ਕਰਨ ਯੋਗ ਹਨ। ਰਿਪੋਰਟ ਕਰਨ ਯੋਗ ਮੌਤਾਂ ਵਿੱਚ ਸ਼ਾਮਲ ਹਨ:

- ਉਹ ਜੋ ਅਚਾਨਕ, ਬੇਕੁਦਰਤੀ ਜਾਂ ਹਿੰਸਾਤਮਕ, ਜਾਂ ਜੋ ਦੁਰਘਟਨਾ ਜਾਂ ਜ਼ਖਮੀ ਹੋਣ ਕਾਰਣ ਹੋਈਆਂ
- ਉਹ ਜੋ ਡਾਕਟਰੀ ਔਪਰੇਸ਼ਨ ਦੇ ਦੌਰਾਨ ਜਾਂ ਬਾਅਦ ਵਿੱਚ ਅਚਾਨਕ ਹੋਈਆਂ
- ਉਹ ਜੋ ਜਦੋਂ ਮਰਨ ਵਾਲਾ ਵਿਅਕਤੀ ਹਿਰਾਸਤ ਜਾਂ ਸੰਭਾਲ ਦੇ ਵਿੱਚ ਸੀ
- ਜਦੋਂ ਡਾਕਟਰ ਮੌਤ ਦਾ ਸਰਟੀਫਿਕੇਟ ਦਸਤਖਤ ਕਰਨ ਦੇ ਯੋਗ ਨਾ ਹੋਵੇ
- ਜਦੋਂ ਵਿਅਕਤੀ ਦੀ ਪਛਾਣ ਦਾ ਪਤਾ ਨਾ ਹੋਵੇ।

## ਪਹਿਲਾ ਸੰਪਰਕ

CA&E ਦੇ ਕਰਮਚਾਰੀ ਤੁਹਾਡੇ ਨਾਲ ਮੌਤ ਦੀ ਸਮੀਖਿਆ ਦੀ ਕਾਰਵਾਈ ਦੇ ਸ਼ੁਰੂਆਤੀ ਪੜ੍ਹਾਵਾਂ ਬਾਰੇ ਸੰਪਰਕ ਕਰਨਗੇ।

CA&E ਸੂਬੇ ਭਰ ਦੀ 24 ਘੰਟਿਆਂ ਦੀ ਸੇਵਾ ਹੈ ਜੋ Victorian Institute of Forensic Medicine ਵੱਲੋਂ ਪ੍ਰਦਾਨ ਕੀਤੀ ਜਾਂਦੀ ਹੈ।

CA&E ਦੀ ਭੂਮਿਕਾ ਇਹ ਕਰਨਾ ਹੈ:

- ਮੌਤਾਂ ਦੀਆਂ ਰਿਪੋਰਟਾਂ ਪ੍ਰਾਪਤ ਕਰਨਾ
- ਮ੍ਰਿਤਕ ਵਿਅਕਤੀ ਦੇ ਸਰੀਰ ਨੂੰ CA&E ਦੀ ਸੰਭਾਲ ਵਿੱਚ ਲੈਣਾ
- ਮਰਨ ਵਾਲੇ ਵਿਅਕਤੀ ਦੀ ਪਛਾਣ ਕਰਨ ਦਾ ਪ੍ਰਬੰਧ ਕਰਨਾ
- ਮੌਤ ਦੇ ਸਮੀਖਿਕ ਵਾਸਤੇ ਮੌਤ ਦੀ ਡਾਕਟਰੀ ਪੜਤਾਲ ਕਰਨ ਦਾ ਪ੍ਰਬੰਧ ਕਰਨਾ
- ਮ੍ਰਿਤਕ ਵਿਅਕਤੀ ਦੇ ਸਰੀਰ ਨੂੰ ਅੰਤਮ-ਸੰਸਕਾਰ ਵਾਸਤੇ ਦੇਣਾ।

## ਸੰਭਾਲ ਵਿੱਚ ਦਾਖਲਾ

ਬਹੁਤੇ ਮਾਮਲਿਆਂ ਵਿੱਚ, ਜੇਕਰ ਤੁਹਾਡਾ ਪਿਆਰਾ Melbourne ਵਿੱਚ ਗੁਜ਼ਰਿਆ ਹੈ, ਉਹਨਾਂ ਨੂੰ Coronial Services Centre, 65 Kavanagh Street, Southbank ਵਿਖੇ CA&E ਦੀ ਸੰਭਾਲ ਵਿੱਚ ਲੈ ਲਿਆ ਜਾਵੇਗਾ। ਜੇਕਰ ਤੁਹਾਡਾ ਪਿਆਰਾ ਦਿਹਾਤੀ ਵਿਕਟੋਰੀਆ ਵਿੱਚ ਗੁਜ਼ਰਿਆ ਹੈ, CA&E ਦੇ ਕਰਮਚਾਰੀ ਤੁਹਾਡੇ ਨਾਲ ਸੰਪਰਕ ਕਰਨਗੇ ਅਤੇ ਤੁਹਾਨੂੰ ਦੱਸਣਗੇ ਕਿ ਉਹਨਾਂ ਦੀ ਸੰਭਾਲ ਕਿੱਥੇ ਕੀਤੀ ਜਾ ਰਹੀ ਹੈ।

ਜੇਕਰ ਤੁਸੀਂ ਆਪਣੇ ਪਿਆਰੇ ਨੂੰ ਵੇਖਣਾ ਚਾਹੁੰਦੇ ਹੋ ਜਾਂ ਉਹਨਾਂ ਦੇ ਨਾਲ ਸਮਾਂ ਬਿਤਾਉਣਾ ਚਾਹੁੰਦੇ ਹੋ ਤਾਂ CA&E ਦੇ ਕਰਮਚਾਰੀ ਤੁਹਾਡੀ ਸਹਾਇਤਾ ਕਰਨਗੇ ਅਤੇ ਤੁਹਾਡੇ ਨਾਲ ਗੱਲਬਾਤ ਕਰਨਗੇ ਕਿ ਸਭ ਤੋਂ ਵੱਡਾ ਨੇੜਲਾ ਰਿਸ਼ਤੇਦਾਰ ਕੌਣ ਹੋਵੇਗਾ। ਮੌਤ ਦੀ ਸਮੀਖਿਆ ਦੀ ਪੜਤਾਲ ਦੇ ਬਾਰੇ ਕੋਈ ਵੀ ਗੱਲਬਾਤ ਇਸੇ ਵਿਅਕਤੀ ਦੇ ਰਾਹੀਂ ਜਾਂ ਉਹਨਾਂ ਦੇ ਚੁਣੇ ਨੁਮਾਇੰਦੇ ਦੇ ਰਾਹੀਂ ਕੀਤੀ ਜਾਵੇਗੀ।

## ਸਭ ਤੋਂ ਵੱਡਾ ਨੇੜਲਾ ਰਿਸ਼ਤੇਦਾਰ

ਸਭ ਤੋਂ ਵੱਡਾ ਨੇੜਲਾ ਰਿਸ਼ਤੇਦਾਰ ਆਮ ਤੌਰ ਤੇ ਵਿਅਕਤੀ ਦਾ ਪਤੀ/ਪਤਨੀ ਜਾਂ ਘਰੇਲੂ ਜੀਵਨਸਾਥੀ ਹੁੰਦਾ ਹੈ। ਜੇਕਰ ਵਿਅਕਤੀ ਦਾ ਜੀਵਨਸਾਥੀ ਨਹੀਂ ਹੈ ਜਾਂ ਉਹ ਉਪਲਬਧ ਨਹੀਂ ਹੈ, ਤਦ ਵੱਡਾ ਨੇੜਲਾ ਰਿਸ਼ਤੇਦਾਰ ਹੋਵੇਗਾ (ਇਸ ਤਰਤੀਬ ਵਿੱਚ):

- ਬਾਲਗ ਪੁੱਤਰ ਜਾਂ ਧੀ (18 ਸਾਲਾਂ ਦੇ ਅਤੇ ਵੱਡੇ)
- ਮਾਪਿਆਂ ਵਿੱਚੋਂ ਇਕ
- ਬਾਲਗ ਭਰਾ ਜਾਂ ਭੈਣ (18 ਸਾਲਾਂ ਦੇ ਅਤੇ ਵੱਡੇ)
- ਵਿਅਕਤੀ ਜਿਸ ਦਾ ਨਾਮ ਵਸੀਹਤ ਵਿੱਚ ਪਾਲਣ ਕਰਨ ਵਾਲੇ ਵਜੋਂ ਲਿਖਿਆ ਹੋਵੇ
- ਵਿਅਕਤੀ ਜੋ ਮੌਤ ਤੋਂ ਇਕ ਦਮ ਪਹਿਲਾਂ ਮਰਨ ਵਾਲੇ ਵਿਅਕਤੀ ਦਾ ਨਿੱਜੀ ਨੁਮਾਇੰਦਾ ਸੀ
- ਵਿਅਕਤੀ ਜਿਸ ਨੂੰ ਮੌਤ ਦਾ ਸਮੀਖਿਅਕ ਵੱਡੇ ਨੇੜਲੇ ਰਿਸ਼ਤੇਦਾਰ ਵਜੋਂ ਤਹਿ ਕਰਦਾ ਹੈ ਕਿਉਂਕਿ ਮੌਤ ਤੋਂ ਇਕ ਦਮ ਪਹਿਲਾਂ ਮਰਨ ਵਾਲੇ ਵਿਅਕਤੀ ਦੇ ਨਾਲ ਉਹਨਾਂ ਦਾ ਗੂੜ੍ਹਾ ਰਿਸ਼ਤਾ ਸੀ।

## ਪਛਾਣ

ਮੌਤ ਦੇ ਸਮੀਖਿਅਕ ਨੂੰ ਮਰਨ ਵਾਲੇ ਵਿਅਕਤੀ ਦੀ ਪਛਾਣ ਦੀ ਪੁਸ਼ਟੀ ਕਰਨ ਦੀ ਲੋੜ ਹੁੰਦੀ ਹੈ। ਇਸ ਵਿੱਚ ਅੱਖੀਂ ਵੇਖਣਾ ਜਾਂ ਡਾਕਟਰੀ ਅਤੇ ਵਿਗਿਆਨਕ ਤਰੀਕੇ ਸ਼ਾਮਲ ਹੋ ਸਕਦੇ ਹਨ।

ਜੇਕਰ ਅੱਖੀਂ ਵੇਖ ਕੇ ਪਛਾਣ ਕਰਨ ਦੀ ਲੋੜ ਹੁੰਦੀ ਹੈ, ਤੁਹਾਨੂੰ ਆਪਣੇ ਪਿਆਰੇ ਨੂੰ ਪਛਾਨਣ ਵਾਸਤੇ Coronial Services Centre ਆਉਣ ਲਈ ਕਿਹਾ ਜਾਵੇਗਾ। ਇਕ ਪਿਆਰੇ ਨੂੰ ਪਛਾਨਣ ਲਈ, ਤੁਸੀਂ ਪਰਿਵਾਰ ਦਾ ਜੀਅ ਹੋਣੇ ਚਾਹੀਦੇ ਹੋ ਜਾਂ ਕੋਈ ਹੋਰ ਜੋ ਵਿਅਕਤੀ ਨੂੰ ਮੌਤ ਦੇ ਸਮੇਂ ਚੰਗੀ ਤਰ੍ਹਾਂ ਜਾਣਦਾ ਸੀ। CA&E ਦੇ ਕਰਮਚਾਰੀ ਦਫ਼ਤਰ ਦੇ ਕੰਮ ਦੇ ਘੰਟਿਆਂ ਦੇ ਦੌਰਾਨ ਤੁਹਾਡੇ ਲਈ ਮ੍ਰਿਤਕ ਨੂੰ ਵੇਖਣ ਦਾ ਸਮਾਂ ਨਿਯੁਕਤ ਕਰਨ ਦਾ ਪ੍ਰਬੰਧ ਕਰਨਗੇ।

ਪਛਾਣ ਦੇ ਡਾਕਟਰੀ ਜਾਂ ਵਿਗਿਆਨਕ ਤਰੀਕਿਆਂ ਵਿੱਚ ਦੰਦਾਂ ਦੇ ਰਿਕਾਰਡ, ਉਂਗਲਾਂ ਦੇ ਨਿਸ਼ਾਨ ਜਾਂ ਡੀ ਐਨ ਏ ਦੀ ਤੁਲਨਾ ਕੀਤੀ ਜਾਂਦੀ ਹੈ। ਮੌਤ ਦਾ ਸਮੀਖਿਅਕ ਫੈਸਲਾ ਕਰਗਾ ਕਿ ਪਛਾਣ ਦਾ ਸਭ ਤੋਂ ਉਚਿੱਤ ਤਰੀਕਾ ਕਿਹੜਾ ਹੈ ਅਤੇ CA&E ਦੇ ਕਰਮਚਾਰੀ ਤੁਹਾਨੂੰ ਦੱਸਣਗੇ ਕਿ ਕਿਹੜਾ ਤਰੀਕਾ ਵਰਤਿਆ ਜਾਵੇਗਾ।



**Coroners Court of Victoria**
65 Kavanagh Street, Southbank VIC 3006
**T:** 1300 309 519
**F:** 1300 546 989
www.coronerscourt.vic.gov.au

# ਡਾਕਟਰੀ ਨਿਰੀਖਣ

ਡਾਕਟਰੀ ਨਿਰੀਖਣ ਮੌਤ ਦੇ ਸਮੀਖਿਅਕ ਨੂੰ ਵਿਅਕਤੀ ਦੀ ਮੌਤ ਦੇ ਕਾਰਣ ਦਾ ਪਤਾ ਲਗਾਉਣ ਵਿੱਚ ਸਹਾਇਤਾ ਕਰਦੇ ਹਨ। ਭਾਂਵੇਂ ਕਿ ਇਹ ਸਪਸ਼ਟ ਲੱਗਦਾ ਹੋਵੇ, ਇਹ ਬਹੁਤ ਮਹੱਤਵਪੂਰਣ ਹੈ ਕਿ ਮੌਤ ਦਾ ਸਮੀਖਿਅਕ ਇਹ ਪਤਾ ਲਗਾਉਣ ਦੇ ਯੋਗ ਹੋ ਸਕੇ ਕਿ ਅਸਲ ਵਿੱਚ ਕੀ ਹੋਇਆ ਸੀ।

## ਮੁੱਢਲਾ ਨਿਰੀਖਣ

ਜਦੋਂ ਤੁਹਾਡਾ ਪਿਆਰਾ CA&E ਦੀ ਸੰਭਾਲ ਵਿੱਚ ਹੈ, ਇਕ ਅਪਰਾਧ ਵਿਗਿਆਨ ਦਾ ਮਾਹਰ ਉਹਨਾਂ ਦਾ ਨਿਰੀਖਣ ਕਰੇਗਾ। ਇਹ ਮੁੱਢਲਾ ਨਿਰੀਖਣ ਘੱਟ ਤੋਂ ਘੱਟ ਦਖਲ ਵਾਲਾ ਹੁੰਦਾ ਹੈ। CA&E ਦੇ ਕਰਮਚਾਰੀ ਅਪਰਾਧ ਵਿਗਿਆਨ ਦੇ ਮਾਹਰ ਨਾਲ ਨੇੜਿਓਂ ਹੋ ਕੇ ਕੰਮ ਕਰਦੇ ਹਨ ਅਤੇ ਤੁਹਾਡੇ ਕਿਸੇ ਵੀ ਸਵਾਲਾਂ ਦੇ ਜਵਾਬ ਦੇ ਸਕਦੇ ਹਨ।

CA&E ਦੇ ਕਰਮਚਾਰੀ ਤੁਹਾਨੂੰ ਤੁਹਾਡੇ ਪਿਆਰੇ ਦੇ ਡਾਕਟਰੀ ਰਿਕਾਰਡਾਂ ਜਾਂ ਹੋਰ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ ਕਹਿ ਸਕਦੇ ਹਨ। ਉਹਨਾਂ ਨੂੰ ਮੌਤ ਨਾਲ ਜੁੜ੍ਹੇ ਹਾਲਾਤਾਂ ਬਾਰੇ ਤੁਹਾਡੇ ਨਾਲ ਗੱਲਬਾਤ ਕਰਨ ਦੀ ਲੋੜ ਵੀ ਹੋ ਸਕਦੀ ਹੈ। ਪੁਲੀਸ ਵੀ ਮੌਤ ਦੇ ਬਾਰੇ ਗੱਲਬਾਤ ਕਰਨ ਲਈ ਤੁਹਾਨੂੰ ਸੰਪਰਕ ਕਰ ਸਕਦੀ ਹੈ। ਇਹ ਮੌਤ ਦੇ ਸਮੀਖਿਅਕ ਨੂੰ, ਜਿੰਨ੍ਹਾਂ ਸੰਭਵ ਹੋ ਸਕੇ, ਮੌਤ ਦੇ ਨਾਲ ਸਬੰਧਿਤ ਵੱਧ ਤੋਂ ਵੱਧ ਤੱਥ ਇਕੱਠੇ ਕਰਨ ਵਿੱਚ ਸਹਾਇਤਾ ਕਰਦਾ ਹੈ।

## ਦੇਹ ਦੀ ਚੀਰਫਾੜ

ਕੁਝ ਮਾਮਲਿਆਂ ਵਿੱਚ, ਅਪਰਾਧ ਵਿਗਿਆਨ ਦੇ ਮਾਹਰ ਨੂੰ ਦੇਹ ਦੀ ਚੀਰਫਾੜ ਕਰਨੀ ਪੈਂਦੀ ਹੈ। ਇਹ ਇਕ ਡਾਕਟਰੀ ਔਪਰੇਸ਼ਨ ਹੈ ਜਿਸ ਦਾ ਉਦੇਸ਼ ਮੌਤ ਦਾ ਡਾਕਟਰੀ ਕਾਰਣ ਲੱਭਣਾ ਹੁੰਦਾ ਹੈ। ਜੇਕਰ ਮੌਤ ਦੇ ਸਮੀਖਿਅਕ ਦਾ ਵਿਸ਼ਵਾਸ਼ ਹੈ ਕਿ ਦੇਹ ਦੀ ਚੀਰਫਾੜ ਦੀ ਲੋੜ ਹੈ, CA&E ਦੇ ਕਰਮਚਾਰੀ ਕਾਰਵਾਈ ਦੀ ਵਿਆਖਿਆ ਕਰਨ ਅਤੇ ਤੁਹਾਡੇ ਕਿਸੇ ਸਵਾਲਾਂ ਦੇ ਜਵਾਬ ਦੇਣ ਵਾਸਤੇ ਪਹਿਲਾਂ ਸਭ ਤੋਂ ਵੱਡੇ ਨੇੜਲੇ ਰਿਸ਼ਤੇਦਾਰ ਨੂੰ ਸੰਪਰਕ ਕਰਨਗੇ।

ਜੇਕਰ ਤੁਸੀਂ ਦੇਹ ਦੀ ਚੀਰਫਾੜ ਕਰਨ ਦਾ ਵਿਰੋਧ ਕਰਨਾ ਚਾਹੁੰਦੇ ਹੋ, ਉਦਾਹਰਣ ਵਜੋਂ, ਧਾਰਮਿਕ ਜਾਂ ਸਭਿਆਚਾਰਕ ਕਾਰਣਾਂ ਕਰਕੇ, ਕਿਰਪਾ ਕਰਕੇ CA&E ਦੇ ਕਰਮਚਾਰੀ ਨੂੰ ਦੱਸ ਦਿਓ ਤਾਂ ਜੋ ਉਹ ਮੌਤ ਦੇ ਸਮੀਖਿਅਕ ਨੂੰ ਦੱਸ ਸਕਣ। ਮੌਤ ਦਾ ਸਮੀਖਿਅਕ ਤੁਹਾਡੀਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖੇਗਾ ਅਤੇ CA&E ਦੇ ਕਰਮਚਾਰੀ ਤੁਹਾਨੂੰ ਮੌਤ ਦੇ ਸਮੀਖਿਅਕ ਦਾ ਫੈਸਲਾ ਦੱਸਣ ਲਈ ਦੋਬਾਰਾ ਸੰਪਰਕ ਕਰਨਗੇ।

# ਵਿਅਕਤੀਗਤ ਚੀਜ਼ਾਂ ਵਸਤਾਂ

ਪੁਲੀਸ ਆਮ ਤੌਰ ਤੇ ਵਿਅਕਤੀਗਤ ਚੀਜ਼ਾਂ, ਜਿਵੇਂ ਕਿ ਗਹਿਣੇ, ਕੱਪੜੇ ਅਤੇ ਹੋਰ ਕੀਮਤੀ ਚੀਜ਼ਾਂ ਜੋ ਮੌਤ ਵਾਲੀ ਜਗ੍ਹਾ ਤੋਂ ਮਿਲੀਆਂ ਹਨ, ਨੂੰ ਰੱਖਦੀ ਹੈ ਅਤੇ ਫਿਰ ਅੰਤਿਮ ਸੰਸਕਾਰ ਕਰਨ ਵਾਲੇ ਡਾਇਰੈਕਟਰ ਨੂੰ ਦੇ ਦਿੰਦੀ ਹੈ। ਕਦੇ ਕਦਾਈਂ ਪੁਲੀਸ ਕੁਝ ਚੀਜ਼ਾਂ ਨੂੰ ਅਪਰਾਧ ਵਿਗਿਆਨ ਦੇ ਨਿਰੀਖਣ ਲਈ ਰੱਖ ਸਕਦੀ ਹੈ।

ਨਹੀਂ ਤਾਂ, ਸਾਰੀਆਂ ਵਿਅਕਤੀਗਤ ਚੀਜ਼ਾਂ ਅੰਤਿਮ ਸੰਸਕਾਰ ਕਰਨ ਵਾਲੇ ਡਾਇਰੈਕਟਰ ਨੂੰ ਪਰਿਵਾਰ ਨੂੰ ਵਾਪਸ ਦੇਣ ਲਈ ਦੇ ਦਿੱਤੀਆਂ ਜਾਂਦੀਆਂ ਹਨ। ਜੇਕਰ ਤੁਹਾਡੇ ਵਿਅਕਤੀਗਤ ਚੀਜ਼ਾਂ ਬਾਰੇ ਕੋਈ ਸਵਾਲ ਹਨ, ਕਿਰਪਾ CA&E ਦੇ ਕਰਮਚਾਰੀ ਨੂੰ ਦੱਸ ਦਿਓ।

# ਅੰਤਿਮ ਸੰਸਕਾਰ ਦਾ ਪ੍ਰਬੰਧ ਕਰਨਾ

ਤੁਸੀਂ ਕਦੇ ਵੀ ਅੰਤਿਮ ਸੰਸਕਾਰ ਕਰਨ ਵਾਲੇ ਡਾਇਰੈਕਟਰ ਨਾਲ ਸੰਪਰਕ ਕਰ ਸਕਦੇ ਹੋ। ਅੰਤਿਮ ਸੰਸਕਾਰ ਕਰਨ ਵਾਲਾ ਡਾਇਰੈਕਟਰ ਤੁਹਾਨੂੰ ਅੰਤਿਮ ਸੰਸਕਾਰ ਕਰਨ ਵਿੱਚ ਸਹਾਇਤਾ ਕਰੇਗਾ ਅਤੇ CA&E ਦੇ ਕਰਮਚਾਰੀ ਤੇ ਤੁਹਾਡੇ ਨਾਲ ਤਾਲਮੇਲ ਕਰੇਗਾ।

ਅੰਤਿਮ ਸੰਸਕਾਰ ਕਰਨ ਵਾਲਾ ਡਾਇਰੈਕਟਰ, ਜੇ ਲੋੜੀਂਦਾ ਹੋਵੇ, ਤਾਂ ਤੁਹਾਡੇ ਪਿਆਰੇ ਨੂੰ ਦਿਹਾਤੀ Victoria ਵਿੱਚ ਤਬਦੀਲ ਕਰਨ ਦਾ ਪ੍ਰਬੰਧ ਕਰ ਸਕਦਾ ਹੈ।

# ਮੌਤ ਦਾ ਸਰਟੀਫਿਕੇਟ ਪ੍ਰਾਪਤ ਕਰਨਾ

ਮੌਤ ਦਾ ਸਮੀਖਿਅਕ ਅਤੇ ਅੰਤਿਮ ਸੰਸਕਾਰ ਕਰਨ ਵਾਲਾ ਡਾਇਰੈਕਟਰ ਮੌਤ ਤੋਂ ਬਾਅਦ Registry of Births, Deaths & Marriages Victoria (BDM) ਨੂੰ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਤੋਂ ਪਹਿਲਾਂ BDM ਮੌਤ ਦਾ ਮਿਆਰੀ ਪ੍ਰਮਾਣ ਪੱਤਰ ਜਾਰੀ ਕਰੇ, ਮੌਤ ਦੇ ਸਮੀਖਿਅਕ ਨੂੰ ਮੌਤ ਦੇ ਕਾਰਣ ਦੇ ਵੇਰਵੇ ਜ਼ਰੂਰ ਦੇਣੇ ਪੈਣਗੇ।

## ਮੌਤ ਦਾ ਮਿਆਰੀ ਪ੍ਰਮਾਣ ਪੱਤਰ

ਤੁਸੀਂ ਜਾਂ ਤੁਹਾਡੇ ਦੁਆਰਾ ਨਿਯੁਕਤ ਅੰਤਿਮ ਸੰਸਕਾਰ ਕਰਨ ਵਾਲਾ ਡਾਇਰੈਕਟਰ ਮੌਤ ਦਾ ਮਿਆਰੀ ਪ੍ਰਮਾਣ ਪੱਤਰ ਖਰੀਦਣ ਦਾ ਆਦੇਸ਼ ਦੇ ਸਕਦਾ ਹੈ। ਇਸਦੀ ਕੁਝ ਫੀਸ ਹੈ ਜੋ ਅੰਤਿਮ ਸੰਸਕਾਰ ਦੀਆਂ ਲਾਗਤਾਂ ਵਿੱਚ ਸ਼ਾਮਲ ਹੋ ਸਕਦੀ ਹੈ। BDM ਅੰਤਿਮ ਸੰਸਕਾਰ ਕਰਨ ਵਾਲੇ ਡਾਇਰੈਕਟਰ ਦੁਆਰਾ ਸੂਚਿਤ ਕੀਤੇ ਵਿਅਕਤੀ ਨੂੰ ਮੌਤ ਦਾ ਪ੍ਰਮਾਣ ਪੱਤਰ ਜਾਰੀ ਕਰੇਗਾ। ਜੇਕਰ ਤੁਸੀਂ ਉਹ ਵਿਅਕਤੀ ਨਹੀਂ ਹੋ ਜੋ ਅੰਤਿਮ ਸੰਸਕਾਰ ਦਾ ਪ੍ਰਬੰਧ ਕਰ ਰਿਹਾ ਹੈ, ਤੁਸੀਂ ਮੌਤ ਦੇ ਪ੍ਰਮਾਣ ਪੱਤਰ ਦੀ ਨਕਲ ਵਾਸਤੇ ਸਿੱਧੇ ਵੀ BDM ਨੂੰ ਅਰਜ਼ੀ ਦੇ ਸਕਦੇ ਹੋ।

## ਮੌਤ ਦਾ ਅੰਤਰਿਮ ਪ੍ਰਮਾਣ ਪੱਤਰ

ਜੇਕਰ ਮੌਤ ਦੇ ਸਮੀਖਿਅਕ ਨੇ ਮੌਤ ਦਾ ਕਾਰਣ ਅਜੇ ਤਹਿ ਨਹੀਂ ਕੀਤਾ ਹੈ, BDM ਮੌਤ ਦਾ ਇਕ ਅੰਤਰਿਮ ਪ੍ਰਮਾਣ ਪੱਤਰ ਜਾਰੀ ਕਰ ਸਕਦਾ ਹੈ। ਪਰ, ਮੌਤ ਦੇ ਅੰਤਰਿਮ ਪ੍ਰਮਾਣ ਪੱਤਰ ਵਿੱਚ ਮੌਤ ਦਾ ਕਾਰਣ ਸ਼ਾਮਲ ਨਹੀਂ ਹੁੰਦਾ, ਇਸ ਨੂੰ ਸਾਰੇ ਸਰਕਾਰੀ ਕੰਮਾਂ ਲਈ ਸਵੀਕਾਰ ਨਹੀਂ ਕੀਤਾ ਜਾ ਸਕੇਗਾ।

ਇਹ ਪੁਸ਼ਟੀ ਕਰਨ ਲਈ ਕਿ ਮੌਤ ਹੋਈ ਹੈ, ਅਦਾਲਤ ਅਤੇ CA&E ਦੇ ਕਰਮਚਾਰੀ ਵੀ ਤੁਹਾਨੂੰ ਮੌਤ ਦੀ ਪੁਸ਼ਟੀ ਚਿੱਠੀ ਦੇ ਸਕਦੇ ਹਨ। ਇਸ ਚਿੱਠੀ ਨੂੰ ਸਾਰੀਆਂ ਵਿੱਤੀ ਜਾਂ ਕਾਨੂੰਨੀ ਸੰਸਥਾਵਾਂ ਵੱਲੋਂ ਸਰਕਾਰੀ ਕੰਮਾਂ ਵਾਸਤੇ ਸਵੀਕਾਰ ਨਹੀਂ ਕੀਤਾ ਜਾਵੇਗਾ।

ਇਹ ਹਮੇਸ਼ਾਂ ਵਧੀਆ ਹੁੰਦਾ ਹੈ ਕਿ ਜਿਸ ਸੰਸਥਾ ਨਾਲ ਤੁਸੀਂ ਵਰਤ ਰਹੇ ਹੋ ਉਹਨਾਂ ਪਾਸੋਂ ਪਤਾ ਕਰ ਲਵੋ ਕਿ ਕੀ ਉਹ ਮੌਤ ਦਾ ਅੰਤਰਿਮ ਪ੍ਰਮਾਣ ਪੱਤਰ ਜਾਂ ਮੌਤ ਦੀ ਪੁਸ਼ਟੀ ਚਿੱਠੀ ਨੂੰ ਸਵੀਕਾਰ ਕਰਨਗੇ ਜਾਂ ਨਹੀਂ।

# ਸਹਾਇਕ ਸੰਪਰਕ

ਜੇਕਰ ਮੌਤ ਦੀ ਸਮੀਖਿਆ ਦੀ ਕਾਰਵਾਈ ਦੇ ਸ਼ੁਰੂਆਤੀ ਪੜਾਵਾਂ ਦੇ ਬਾਰੇ ਤੁਹਾਡੇ ਕੋਈ ਸਵਾਲ ਹਨ, ਤੁਸੀਂ CA&E ਨੂੰ 1300 309 519 (24 ਘੰਟੇ) ਉਪਰ ਸੰਪਰਕ ਕਰ ਸਕਦੇ ਹੋ ਜਾਂ ਅਦਾਲਤ ਦੀ ਵੈਬਸਾਈਟ www.coronerscourt.vic.gov.au ਉਪਰ ਜਾਓ।

ਜ਼ਿਆਦਾ ਸਹਾਇਤਾ ਸੇਵਾਵਾਂ, ਜੋ ਤੁਹਾਨੂੰ ਔਖੀ ਘੜੀ ਵਿੱਚ ਸਹਾਇਤਾ ਕਰ ਸਕਦੀਆਂ ਹਨ, ਹੇਠਾਂ ਦਿੱਤੀਆਂ ਗਈਆਂ ਹਨ। ਇਹ ਨੰਬਰ ਕੰਮ ਦੇ ਘੰਟਿਆਂ ਵੇਲੇ ਉਪਲਬਧ ਹਨ, ਜਦ ਤੱਕ ਕਿ ਕੁਝ ਹੋਰ ਨਾ ਦੱਸਿਆ ਗਿਆ ਹੋਵੇ।

| | |
|---|---|
| Australian Centre for Grief and Bereavement | (03) 9265 2100 |
| Compassionate Friends | (03) 9888 4944 (24 ਘੰਟੇ) |
| | 1300 064 068 (24 ਘੰਟੇ) |
| Donor Tissue Bank of Victoria | (03) 9684 4444 |
| Federation of Community Legal Centres Victoria | (03) 9652 1500 |
| Interpreter Service | 13 14 50 |
| GriefLine | 1300 845 745 (ਦੁਪਹਿਰ 12 ਵਜੇ ਤੋਂ ਲੈ ਕੇ ਰਾਤ ਦੇ 3 ਵਜੇ ਤੱਕ) |
| Lifeline | 13 11 14 (24 ਘੰਟੇ) |
| Mercy Grief Services (Western Metropolitan Region only) | (03) 9313 5700 |
| National Relay Service TTY | 13 36 77 (ਸੁਣਨ ਵਿੱਚ ਵਿਕਾਰ ਵਾਲੇ) |
| | 1300 555 727 (ਬੋਲੋ ਅਤੇ ਸੁਣੋ) |
| Registry of Births, Deaths and Marriages Victoria | 1300 369 367 |
| Road Trauma Support Services | 1300 367 797 |
| Red Nose formerly SIDS and Kids | 1300 308 307 (24 ਘੰਟੇ) |
| State Trustees | (03) 9667 6444 |
| | 1300 138 672 (ਦਿਹਾਤੀ ਖੇਤਰ) |
| SuicideLine Victoria | 1300 651 251 (24 ਘੰਟੇ) |
| Support After Suicide | (03) 9421 7640 |

Coroners Court of Victoria

| | |
|---|---|
| StandBy Suicide Support (Murray Region only) | 0439 173 310 (24 ਘੰਟੇ) |
| Victims of Crime Helpline | 1800 819 817 |
| Victoria Legal Aid | 1300 792 387 |
| Victorian Aboriginal Legal Services | 1800 064 865 |
| Court Network | 1800 681 614 |

Coroners Court of Victoria

65 Kavanagh Street

Southbank VIC 3006

T 1300 309 519  F 1300 546 989

W www.coronerscourt.vic.gov.au